


# ਇਹ ਕਿਵ ਪਛਾਣਿਆ ਜਾਵ ਕਿ ਉਹ ਵਿਅਕਤੀ ਮਰਨ ਦੇ ਨੜੇ ਹ

ਜਦੋਂ ਤੁਸੀਂ ਕਿਸੇ ਅਜਿਹੇ ਵਿਅਕਤੀ ਦੀ ਦੇਖਭਾਲ ਕਰ ਰਹੇ ਹੋ ਜੋ ਗੰਭੀਰ ਰੂਪ ਵਿੱਚ ਬਿਮਾਰ ਹੈ ਅਤੇ ਠੀਕ ਨਹੀਂ ਹੋਵੇਗਾ, ਤਾਂ ਇਹ ਜਾਣਨਾ ਮਦਦਗਾਰ ਹੁੰਦਾ ਹੈ ਕਿ ਇਹ ਕਿਵੇਂ ਪਛਾਣਿਆ ਜਾਵੇ ਕਿ ਉਹ ਵਿਅਕਤੀ ਮਰਨ ਦੇ ਨੇੜੇ ਹੈ।

ਕੁੱਝ ਆਮ ਸੰਕੇਤ ਹਨ ਕਿ ਕੋਈ ਵਿਅਕਤੀ ਮਰਨ ਦੇ ਨੇੜੇ ਹੈ।

- ਉਹ ਲੰਬਾ ਸਮਾਂ ਮੰਜੇ 'ਤੇ ਬਿਤਾ ਰਹੇ ਹਨ
- ਹਿਲਣਾ-ਡੁੱਲਣਾ ਔਖਾ ਹੈ
- ਭੋਜਨ ਨਿਗਲਣ ਵਿੱਚ ਮੁਸ਼ਕਲ
- ਲੰਬੇ ਸਮੇਂ ਲਈ ਸੌਣਾ
- ਬਹੁਤੀ ਗੱਲ ਨਹੀਂ ਕਰਦੇ
- ਉਲਝਣ ਵਿੱਚ ਹਨ
- ਬੇਚੈਨ (ਅਰਾਮ ਨਾਲ ਰਹਿਣ ਵਿੱਚ ਅਸਮਰੱਥ ਹਨ)
- ਤੁਹਾਨੂੰ ਇਹ ਦੱਸਣ ਵਿੱਚ ਅਸਮਰੱਥ ਹਨ ਕਿ ਉਨ੍ਹਾਂ ਨੂੰ ਬਾਥਰੂਮ ਜਾਣ ਦੀ ਕਦੋਂ ਲੋੜ ਹੈ
- ਸਾਹ ਲੈਣ ਵਿੱਚ ਬਦਲਾਅ

ਜੇ ਤੁਸੀਂ ਸੋਚਦੇ ਹੋ ਕਿ ਜਿਸ ਵਿਅਕਤੀ ਦੀ ਤੁਸੀਂ ਦੇਖਭਾਲ ਕਰ ਰਹੇ ਹੋ, ਉਹ ਮਰਨ ਦੇ ਨੇੜੇ ਹੈ, ਤਾਂ ਤੁਹਾਡਾ ਡਾਕਟਰ ਜਾਂ ਸਿਹਤ ਕਰਮਚਾਰੀ ਤੁਹਾਡੀ ਮੱਦਦ ਕਰਨ ਦੇ ਯੋਗ ਹੋਣਗੇ। ਉਹਨਾਂ ਨੂੰ ਇਹ ਪੁੱਛਣ ਲਈ ਫ਼ੋਨ ਕਰਨਾ ਠੀਕ ਹੁੰਦਾ ਹੈ ਕਿ ਜੇ ਉਹਨਾਂ ਨੂੰ ਵੀ ਲੱਗਦਾ ਹੈ ਕਿ ਤੁਹਾਡਾ ਪਰਿਵਾਰਕ ਮੈਂਬਰ ਮਰਨ ਦੇ ਨੇੜੇ ਹੈ ਅਤੇ ਤੁਹਾਨੂੰ ਕੀ ਕਰਨਾ ਚਾਹੀਦਾ ਹੈ, ਉਸ ਬਾਰੇ ਸਲਾਹ ਮੰਗਣ ਲਈ।

ਜੇ ਤੁਸੀਂ ਸੋਚਦੇ ਹੋ ਕਿ ਉਹ ਵਿਅਕਤੀ ਆਪਣੀ ਬਿਮਾਰੀ ਕਾਰਨ ਮਰ ਰਿਹਾ ਹੈ ਅਤੇ ਇਸ ਮੌਤ ਦੀ ਉਮੀਦ ਕੀਤੀ ਜਾ ਰਹੀ ਸੀ ਤਾਂ ਐਂਬੂਲੈਂਸ ਨੂੰ ਬੁਲਾਉਣ ਦੀ ਲੋੜ ਨਹੀਂ ਹੈ। ਜੇ ਤੁਸੀਂ ਐਂਬੂਲੈਂਸ ਨੂੰ ਫ਼ੋਨ ਕਰਦੇ ਹੋ ਤਾਂ ਉਹ ਵਿਅਕਤੀ ਨੂੰ ਮੁੜ-ਸੁਰਜੀਤ ਕਰਨ ਦੀ ਕੋਸ਼ਿਸ਼ ਕਰਨ ਲਈ CPR (ਸੀਪੀਆਰ) ਕਰਨ ਲਈ ਜ਼ਿੰਮੇਵਾਰ ਹੋ ਸਕਦੇ ਹਨ, ਜੋ ਕਿ ਮਦਦਗਾਰ ਨਹੀਂ ਹੈ ਜੇਕਰ ਵਿਅਕਤੀ ਜੀਵਨ ਦੇ ਅੰਤਮ ਸਮੇਂ ਵਿੱਚ ਹੈ।

ST VINCENT'S HOSPITAL MELBOURNE | Flinders University | Carers Australia

CarerHelp is funded by the Australian Government Department of Health and Aged Care

## ਸਾਨੂੰ ਕਿਵੇਂ ਪਤਾ ਲੱਗੇਗਾ ਕਿ ਵਿਅਕਤੀ ਦੀ ਮੌਤ ਹੋ ਗਈ ਹੈ?

ਉਸ ਵਿਅਕਤੀ ਦੀ ਮੌਤ ਹੋ ਗਈ ਹੈ ਜਦੋਂ:

- ਸਾਹ ਲੈਣਾ ਰੁਕ ਗਿਆ ਹੈ
- ਤੁਸੀਂ ਉਸ ਵਿਅਕਤੀ ਨੂੰ ਜਗਾ ਨਹੀਂ ਪਾ ਰਹੇ ਹੋ
- ਦਿਲ ਦੀ ਧੜਕਣ ਜਾਂ ਨਬਜ਼ ਨਹੀਂ ਹੈ
- ਅਕਸਰ ਅੱਖਾਂ ਖੁੱਲ੍ਹੀਆਂ ਹੁੰਦੀਆਂ ਹਨ ਅਤੇ ਹਿੱਲਦੀਆਂ ਨਹੀਂ ਹਨ

ਉਹ ਵਿਅਕਤੀ ਹੁਣ ਤੁਹਾਨੂੰ ਵੱਖਰਾ ਦਿਖਾਈ ਦੇ ਸਕਦਾ ਹੈ। ਉਹ ਪੀਲੇ ਪੈ ਚੁੱਕੇ ਦਿਖਾਈ ਦੇ ਸਕਦੇ ਹਨ ਅਤੇ ਉਹਨਾਂ ਦੇ ਹੱਥ ਅਤੇ ਪੈਰ ਠੰਡੇ ਪਏ ਹੋ ਸਕਦੇ ਹਨ - ਇਹ ਹੁਣ ਖ਼ੂਨ ਦਾ ਸੰਚਾਰ ਨਾ ਹੋਣ ਕਰਕੇ ਹੈ। ਅੱਖਾਂ ਖੁੱਲ੍ਹੀਆਂ ਰਹਿ ਸਕਦੀਆਂ ਹਨ। ਮਾਸਪੇਸ਼ੀਆਂ ਦੇ ਢਿੱਲੇ ਪੈਣ ਕਾਰਨ ਜਬਾੜਾ ਹੇਠ ਨੂੰ ਡਿੱਗ ਸਕਦਾ ਹੈ। ਪਿਸ਼ਾਬ (ਪੀ) ਅਤੇ ਮਲ-ਤਿਆਗ (ਪੂ) ਵੀ ਹੋ ਸਕਦਾ ਹੈ। ਕੁੱਝ ਹਵਾ ਫੇਫੜਿਆਂ ਵਿੱਚੋਂ ਨਿਕਲ ਸਕਦੀ ਹੈ ਜੇਕਰ ਤੁਸੀਂ ਮਰ ਚੁੱਕੇ ਵਿਅਕਤੀ ਨੂੰ ਹਿਲਾਉਂਦੇ ਹੋ।

ਜੇ ਤੁਸੀਂ ਸੋਚਦੇ ਹੋ ਕਿ ਉਹਨਾਂ ਦੀ ਮੌਤ ਹੋ ਗਈ ਹੈ, ਤਾਂ ਡਾਕਟਰ ਜਾਂ ਸਿਹਤ ਕਰਮਚਾਰੀ ਨੂੰ ਫ਼ੋਨ ਕਰੋ ਜੋ ਇਹ ਪੁਸ਼ਟੀ ਕਰਨ ਲਈ ਆਵੇਗਾ ਕਿ ਜਿਸ ਵਿਅਕਤੀ ਦੀ ਤੁਸੀਂ ਦੇਖਭਾਲ ਕਰ ਰਹੇ ਸੀ ਉਸਦੀ ਮੌਤ ਹੋ ਗਈ ਹੈ।

ਮੌਤ ਦੀ ਤਸਦੀਕ ਕਰਵਾਉਣਾ ਅਤੇ ਮੌਤ ਦਾ ਸਰਟੀਫਿਕੇਟ ਲੈਣਾ ਮਹੱਤਵਪੂਰਨ ਹੈ। ਇਹ ਆਮ ਤੌਰ 'ਤੇ ਉਸ ਵਿਅਕਤੀ ਦੀ ਦੇਖਭਾਲ ਵਿੱਚ ਸ਼ਾਮਲ ਜਨਰਲ ਪ੍ਰੈਕਟੀਸ਼ਨਰ ਜਾਂ ਡਾਕਟਰ ਦੁਆਰਾ ਕੀਤਾ ਜਾਂਦਾ ਹੈ।

## CarerHelp ਇੱਥੇ ਮੌਜੂਦ ਹੈ ਜਦੋਂ ਤੁਹਾਨੂੰ ਇਸਦੀ ਲੋੜ ਹੁੰਦੀ ਹੈ।

**www.carerhelp.com.au**



CarerHelp is funded by the Australian Government Department of Health and Aged Care